Journal of Language and Literature ISSN: 2078-0303
Vol. 14. No. 1. December, 2024
https://mbsresearch.com/

An International, Peer Reviewed and Refereed Journal, Impact Factor-7.311

# ਕਹਾਣੀਕਾਰ ਜਰਨੈਲ ਸਿੰਘ ਦੀ ਕਥਾ ਦ੍ਰਿਸ਼ਟੀ : 'ਕਾਲੇ ਵਰਕੇ' ਦੇ ਆਧਾਰ 'ਤੇ

**ਡਾ. ਤਿਲਕ ਰਾਜ, ਅਸੋਸੀਏਟ ਪ੍ਰੋਫੈਸਰ,**

**ਗੁਰੂ ਨਾਨਕ ਖਾਲਸਾ ਕਾਲਜ, ਯਮੁਨਾ ਨਗਰ।**

ਪੰਜਾਬੀ ਸਾਹਿਤ ਜਗਤ ਵਿੱਚ ਜਰਨੈਲ ਸਿੰਘ ਦੀ ਪਛਾਣ ਇੱਕ ਪਰਵਾਸੀ ਪੰਜਾਬੀ ਕਹਾਣੀਕਾਰ ਦੇ ਰੂਪ ਵਿੱਚ ਬਣਦੀ ਹੈ। 1987 ਵਿੱਚ ਪਰਵਾਸ ਧਾਰਨ ਕਰਕੇ ਕਨੇਡਾ ਜਾਣ ਤੋਂ ਪਹਿਲਾਂ ਭਾਰਤ ਵਿੱਚ ਰਹਿੰਦਿਆਂ ਹੀ ਉਸ ਨੇ ਤਿੰਨ ਕਹਾਣੀ ਸੰਗ੍ਰਹਿ 'ਮੈਨੂੰ ਕੀ' (1981), 'ਮਨੁੱਖ ਤੇ ਮਨੁੱਖ' (1983), ਅਤੇ 'ਸਮੇਂ ਦੇ ਹਾਣੀ' (1987), ਸਿਰਜ ਕੇ ਪੰਜਾਬੀ ਕਹਾਣੀ ਜਗਤ ਵਿੱਚ ਆਪਣੀ ਹਾਜ਼ਰੀ ਲਗਵਾ ਲਈ ਸੀ। ਪਰਵਾਸ ਧਾਰਨ ਕਰਨ ਤੋਂ ਬਾਅਦ 'ਦੋ ਟਾਪੂ'(1999), 'ਟਾਵਰਜ਼'(2005) ਅਤੇ 'ਕਾਲੇ ਵਰਕੇ'(2015) ਕਹਾਣੀ ਸੰਗ੍ਰਹਿਆਂ ਦੀ ਸਿਰਜਨਾ ਕਰਕੇ ਉਸਨੇ ਆਪਣੀ ਪਛਾਣ ਅੰਤਰਰਾਸ਼ਟਰੀ ਪੱਧਰ 'ਤੇ ਹੋਰ ਵਧੇਰੇ ਗੂੜ੍ਹੀ ਕਰ ਲਈ। ਉਸ ਦਾ ਕਹਾਣੀ ਸੰਗ੍ਰਹਿ 'ਟਾਵਰਜ਼' ਸਾਹਿਤਿਕ ਹਲਕਿਆਂ ਵਿੱਚ ਵੱਡੀ ਪੱਧਰ ਤੇ ਚਰਚਾ ਦਾ ਵਿਸ਼ਾ ਬਣਿਆ ਰਿਹਾ। ਇਸ ਨਾਲ ਉਸ ਨੂੰ ਸਾਹਿਤਕ ਅਤੇ ਵਿੱਦਿਅਕ ਖੇਤਰ ਵਿੱਚ ਇਕ ਸਮਰੱਥ ਪਰਵਾਸੀ ਪੰਜਾਬੀ ਕਹਾਣੀਕਾਰ ਦੇ ਰੂਪ ਵਿੱਚ ਵੱਡੀ ਪਛਾਣ ਮਿਲੀ। ਸਾਡੇ ਅਧਿਐਨ ਦਾ ਵਿਸ਼ਾ 'ਕਾਲੇ ਵਰਕ' ਕਹਾਣੀ ਸੰਗ੍ਰਹਿ ਵਿੱਚ ਕੁੱਲ ਪੰਜ ਕਹਾਣੀਆਂ 'ਕਾਲੇ ਵਰਕੇ' 'ਪੱਤਿਆਂ ਨਾਲ ਢੱਕੇ ਜਿਸਮ' 'ਮੁਹਾਜ਼' ਅਤੇ 'ਨਦੀਨ' ਦਰਜ ਹਨ ਜੋ ਲੰਮੀ ਨਿੱਕੀ ਕਹਾਣੀ ਦੀ ਵਿਧਾ ਨੂੰ ਅਪਨਾਉਂਦੀਆਂ ਹੋਈਆਂ ਮੂਲ ਪੰਜਾਬੀ ਚੇਤਨਾ,ਪਰਵਾਸ, ਕਨੇਡਾ ਅਤੇ ਅਮਰੀਕਾ ਵਿੱਚ ਵਾਪਰਦੀਆਂ ਘਟਨਾਵਾਂ ਦੇ ਨਾਲ ਨਾਲ ਮਾਨਵੀ ਰਿਸ਼ਤਿਆਂ ਦੀਆਂ ਵਿਭਿੰਨ ਪਰਤਾਂ ਨੂੰ ਖੋਲ੍ਹਦੀਆਂ ਹਨ।

ਜਰਨੈਲ ਸਿੰਘ ਦੀ ਕਹਾਣੀ ਕਲਾ ਦਾ ਅਧਿਐਨ ਜਦੋਂ ਅਸੀਂ ਕਹਾਣੀ ਸੰਗ੍ਰਹਿ 'ਕਾਲੇ ਵਰਕੇ' ਤੇ ਨਾਲ ਨਾਲ ਉਸ ਦੇ ਸਮੁੱਚੇ ਕਹਾਣੀ ਜਗਤ ਦੇ ਆਧਾਰ 'ਤੇ ਕਰਦੇ ਹਾਂ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਜਰਨੈਲ ਸਿੰਘ ਕਹਾਣੀ ਦੇ ਤਕਨੀਕੀ ਪੱਖ ਨੂੰ ਬੜੀ ਬਰੀਕੀ ਦੇ ਨਾਲ ਸਮਝਦਾ ਹੈ। ਉਹ ਆਪਣੀ ਕਹਾਣੀ ਦੇ ਵਿਸ਼ੇ ਦੀ ਪੇਸ਼ਕਾਰੀ ਕੇਵਲ ਸਥਾਨਕ ਪੱਧਰ 'ਤੇ ਹੀ ਨਹੀਂ ਕਰਦਾ ਸਗੋਂ ਸੀਮਾਵਾਂ ਤੋਂ ਪਾਰ ਜਾ ਕੇ ਵਿਭਿੰਨ ਮਨੁੱਖੀ ਮਸਲਿਆਂ ਨੂੰ ਆਪਣੇ ਵਿਸ਼ੇ ਦਾ ਆਧਾਰ ਬਣਾਉਂਦਾ ਹੈ। ਉਸ ਦੀ ਕਹਾਣੀ ਕਲਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਕਹਾਣੀ ਵਿੱਚ ਘਟਨਾ ਦਾ ਵਰਣਨ ਕਰਦਿਆਂ ਹੋਇਆਂ ਉਸ ਨਾਲ ਸੰਬੰਧਿਤ ਸਮੱਸਿਆ ਨੂੰ ਉਜਾਗਰ ਕਰਦਾ ਹੈ। ਇਸ ਪ੍ਰਕਾਰ ਉਸਦੀ ਵਰਨਣਾਤਮਿਕ ਸ਼ੈਲੀ ਜਿੱਥੇ ਉਸ ਦੀਆਂ ਕਹਾਣੀਆਂ ਦੇ ਵਿਸ਼ੇ ਨੂੰ ਸਪਸ਼ਟ ਰੂਪ ਵਿੱਚ ਅਗਰ ਭੂਮੀ 'ਤੇ ਲਿਆਉਂਦੀ ਹੈ ਉਥੇ ਨਾਲ ਹੀ ਜਰਨੈਲ ਸਿੰਘ ਦੀ ਕਹਾਣੀ ਕਲਾ ਦੀ ਪਰਪੱਕਤਾ ਵੀ ਉਜਾਗਰ ਹੁੰਦੀ ਹੈ। 'ਕਾਲੇ ਵਰਕੇ' ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ' ਹੜ੍ਹ' ਵਿੱਚ ਉਹ ਜਿੱਥੇ ਹਰੀਕੇਨ ਕੈਟਰੀਨਾ ਹੜ ਅਤੇ ਉਸ ਤੋਂ ਹੋਈ ਤਬਾਹੀ ਦਾ ਵਰਣਨ ਕਰਦਾ ਹੈ ਉੱਥੇ ਨਾਲ ਹੀ ਉਹ ਸੁਖਪਾਲ ਵਰਗੇ ਲੋਕਾਂ ਦੀ ਮਾਨਸਿਕਤਾ ਵਿੱਚ ਆਏ ਹੜ ਨੂੰ ਬੜੇ ਪ੍ਰਤੀਕਾਤਮਕ ਤਰੀਕੇ ਦੇ ਨਾਲ ਉਜਾਗਰ ਕਰਦਾ ਹੈ। ਇਹ ਪ੍ਰਤੀਕਾਤਮਿਕਤਾ ਉਸ ਦੀ ਕਹਾਣੀ ਕਲਾ ਦੀ ਇੱਕ ਹੋਰ ਵਿਸ਼ੇਸ਼ਤਾ ਕਹੀ ਜਾ ਸਕਦੀ ਹੈ। ਇਸੇ ਪ੍ਰਕਾਰ ਹੀ

ਉਹ ਆਪਣੀਆਂ ਅਗਲੀਆਂ ਕਹਾਣੀਆਂ ਵਿਚ ਵੀ ਘਟਨਾਵਾਂ ਦਾ ਵਰਣਨ ਕਰਦਾ ਹੋਇਆ ਉਨਾਂ ਦੇ ਪ੍ਰਭਾਵ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਵਿੱਚੋਂ ਆਪਣੀ ਕਹਾਣੀ ਦਾ ਵਿਸ਼ਾ ਉਸਾਰਦਾ ਹੈ। ਵਰਣਨਾਤਮਕ ਸ਼ੈਲੀ ਦੇ ਨਾਲ ਨਾਲ ਬਿਰਤਾਂਤ ਸਿਰਜਣਾ ਕਰਕੇ ਉਹ ਕਹਾਣੀ ਵਿਚਲੀ ਘਟਨਾ ਨੇ ਫੈਲਾਉਂਦਾ ਚਲਾ ਜਾਂਦਾ ਹੈ ਇਸ ਪ੍ਰਕਾਰ ਬਿਰਤਾਂਤਕ ਸ਼ੈਲੀ ਨਾਲ ਪਾਠਕ ਨੂੰ ਕਹਾਣੀ ਵਿਚਲੀਆਂ ਘਟਨਾਵਾਂ ਬਾਰੇ ਬੜੇ ਵਿਸਥਾਰ ਨਾਲ ਜਾਣਦਿਆਂ ਹੋਇਆਂ ਉਸ ਵਿੱਚ ਲਈ ਸਮੱਸਿਆ ਤੱਕ ਪਹੁੰਚਣ ਦਾ ਮੌਕਾ ਮਿਲਦਾ ਹੈ। ਬਿਰਤਾਂਤ ਦੇ ਨਾਲ ਨਾਲ ਉਪ-ਬਿਰਤਾਂਤ ਸਿਰਜਣਾ ਉਸ ਦੀ ਕਹਾਣੀ ਕਲਾ ਦੀ ਇੱਕ ਹੋਰ ਵਿਸ਼ੇਸ਼ਤਾ ਕਹੀ ਜਾ ਸਕਦੀ ਹੈ। ਕਹਾਣੀ ਵਿੱਚ ਉਹ ਮੁੱਖ ਵਿਸ਼ੇ ਦੇ ਨਾਲ ਨਾਲ ਕਿਸੇ ਹੋਰ ਮਸਲੇ ਦੀ ਸਿਰਜਣਾ ਵੀ ਕਰਦਾ ਰਹਿੰਦਾ ਹੈ ਜਿਵੇਂ ਕਾਲੇ ਵਰਕੇ ਕਹਾਣੀ ਵਿੱਚ ਕਨੇਡਾ ਦੇ ਰੈਜੀਡੈਂਸ਼ੀਅਲ ਸਕੂਲ ਵਿੱਚ ਹੋਏ ਅੱਤਿਆਚਾਰ ਦੇ ਨਾਲ ਨਾਲ ਉਹ ਮਾਪਿਆਂ ਦੇ ਔਲਾਦ ਨਾਲ ਉਮੀਦ ਅਤੇ ਮੋਹ ਭਰੇ ਰਿਸ਼ਤੇ ਦੀਆਂ ਤੰਦਾਂ ਨੂੰ ਵੀ ਬਾਖੂਬੀ ਉਜਾਗਰ ਕਰਦਾ ਹੈ। ਪਿਛਲ ਝਾਤ ਦੀ ਵਿਧੀ ਉਸ ਦੀ ਕਹਾਣੀ ਕਲਾ ਦੀ ਇੱਕ ਹੋਰ ਵਿਸ਼ੇਸ਼ਤਾ ਹੈ। ਇਸ ਨਾਲ ਕਹਾਣੀਕਾਰ ਕਿਸੇ ਬੀਤ ਚੁੱਕੀ ਘਟਨਾ (ਬੈਕਗਰਾਉਂਡ) ਦੀ ਜਾਣਕਾਰੀ ਦੇ ਕੇ ਉਸ ਦੁਆਰਾ ਆਪਣੀ ਕਹਾਣੀ ਦੇ ਵਿਸ਼ੇ ਨੂੰ ਹੋਰ ਸਪਸ਼ਟ ਰੂਪ ਵਿੱਚ ਉਜਾਗਰ ਕਰਦਾ। 'ਕਾਲੇ ਵਰਕੇ' ਕਹਾਣੀ ਸੰਗ੍ਰਹਿ ਦੇ ਨਾਲ ਨਾਲ ਉਸ ਦੇ ਪਹਿਲੇ ਕਹਾਣੀ ਸੰਗ੍ਰਹਿਂ ਦੀਆਂ ਕਹਾਣੀਆਂ ਵਿੱਚ ਵੀ ਪਿਛਲ ਝਾਤ ਦੀ ਇਹ ਵਿਧੀ ਦੁਆਰਾ ਹੋਈ ਬਿਰਤਾਂਤ ਸਿਰਜਣਾ ਵੇਖੀ ਜਾ ਸਕਦੀ ਹੈ। ਆਪਣੀਆਂ ਕਹਾਣੀਆਂ ਵਿੱਚ ਬੀਤ ਚੁੱਕ ਕੇ ਸਮੇਂ ਦੀਆਂ ਘਟਨਾਵਾਂ ਨੂੰ ਪਾਤਰਾਂ ਦੀ ਸਿਮਰਤੀ ਵਿੱਚੋਂ ਉਘਾੜਨਾ ਉਸ ਦੀ ਇਸ ਪਿੱਛਲ ਝਾਤ ਦੀ ਵਿਧੀ ਨੂੰ ਉਜਾਗਰ ਕਰਦਾ ਹੈ। ਕਹਾਣੀਕਾਰਤੀ ਮਨੋ ਵਿਸ਼ਲੇਸ਼ਣ ਦੀ ਜੁਗਤ ਉਸ ਦੀਆਂ ਕਹਾਣੀਆਂ ਦੇ ਪਾਤਰਾਂ ਦੀ ਮਾਨਸਿਕਤਾ ਨੂੰ ਬੜੀ ਕਲਾਤਮਕਤਾ ਨਾਲ ਪੇਸ਼ ਕਰਦੀ ਹੈ। ਪਾਤਰਾਂ ਦੇ ਮਨ ਦੀ ਹਾਲਤ ਨੂੰ ਉਹ ਮਨ ਬਚਨੀ ਜਾ ਦੂਸਰੇ ਪਾਤਰਾਂ ਨਾਲ ਹੋਏ ਵਾਰਤਾਲਾਪ ਦੁਆਰਾ ਉਜਾਗਰ ਕਰਦਾ ਹੈ। ਦ੍ਰਿਸ਼ ਚਿਤਰਣ ਕਰਕੇ ਕਹਾਣੀ ਦੇ ਵਿਸ਼ੇ ਨਾਲ ਸੰਬੰਧਿਤ ਵਾਤਾਵਰਨ ਸਿਰਜਣਾ ਜਰਨੈਲ ਸਿੰਘ ਦੀ ਕਹਾਣੀ ਕਲਾ ਦੀ ਇੱਕ ਹੋਰ ਖੂਬਸੂਰਤ ਵਿਸ਼ੇਸ਼ਤਾ ਹੈ। ਉਸ ਦੀ ਕਹਾਣੀ ਕਲਾ ਦੀ ਇਹ ਕਲਾਤਮਕ ਵਿਸ਼ੇਸ਼ਤਾ ਉਸ ਦੀਆਂ ਕਹਾਣੀਆਂ 'ਹੜ੍ਹ' 'ਪੱਤਿਆਂ ਨਾਲ ਢੱਕੇ ਜਿਸਮ' ਅਤੇ 'ਨਦੀਨ' ਵਿੱਚ ਵੇਖੀ ਜਾ ਸਕਦੀ ਹੈ। ਚੇਤਨਾ ਪ੍ਰਵਾਹ ਦੀ ਵਿਧੀ ਦੁਆਰਾ ਉਸ ਦੀਆਂ ਕਹਾਣੀਆਂ ਦੇ ਪਾਤਰ ਬੀਤੀਆਂ ਯਾਦਾਂ ਨਾਲ ਸਾਂਝ ਪਾਉਂਦੇ ਹਨ। 'ਕਾਲੇ ਵਰਕੇ' ਕਹਾਣੀ ਦਾ ਮੁੱਖ ਪਾਤਰ ਮਾਈਕਲ ਵੀ ਚੇਤਨਾ ਪ੍ਰਵਾਹ ਦੀ ਵਿਧੀ ਦੁਆਰਾ ਹੀ ਕਹਾਣੀ ਵਿੱਚ ਆਪਣੇ ਬੀਤੇ ਸਮੇਂ ਦੀਆਂ ਕਰੂਰ ਯਾਦਾਂ ਨੂੰ ਕਰਦ ਹੈ। ਆਪਣੀਆਂ ਕਈ ਕਹਾਣੀਆਂ ਵਿੱਚ ਜਰਨੈਲ ਸਿੰਘ ਕਥਾ ਵਾਚਕ ਦੀ ਵਿਧੀ ਦੁਆਰਾ ਵੀ ਵਿਸ਼ੇ ਨੂੰ ਪ੍ਰਗਟ ਕਰਦਾ ਹੈ। ਕਈ ਸਥਾਨ ਤੇ ਲੇਖਕ ਕਥਾ ਕਹਿਣ ਲਈ ਖੁਦ ਹਾਜ਼ਰ ਰਹਿੰਦਾ ਹੈ। ਇਹ ਵੀ ਉਸ ਦੀ ਕਹਾਣੀ ਕਲਾ ਦੀ ਵਿਸ਼ੇਸ਼ਤਾ ਕਹੀ ਜਾ ਸਕਦੀ ਹੈ। ਵਿਅੰਗ ਦੀ ਜੁਕਤ ਦੁਆਰਾ ਲੇਖਕ ਆਪਣੀ ਕਹਾਣੀ ਦੇ ਪਾਤਰ,ਸਥਿਤੀ ਅਤੇ ਘਟਨਾ 'ਤੇ ਵਿਅੰਗ ਕਰਦਾ ਹੈ। ਇਸ ਵਿਅੰਗ ਦੀ ਜੁਗਤ ਨਾਲ ਲੇਖਕ ਪਾਠਕ ਦੀ ਮਾਨਸਿਕਤਾ ਵਿੱਚ ਆਪਣੀ ਕਹਾਣੀ ਦੇ ਮੂਲ ਮਸਲਿਆਂ ਪ੍ਰਤੀ ਹੋਰ ਜਗਿਆਸਾ ਉਤਪੰਨ ਕਰਦਾ ਹੈ। ਕਹਾਣੀ ਦੇ ਵਿਸ਼ੇ ਨੂੰ ਅਤੇ ਪਾਤਰਾਂ ਦੀ ਮਾਨਸਿਕਤਾ ਨੂੰ ਹੋਰ ਸਪਸ਼ਟ ਕਰਨ ਲਈ ਕਹਾਣੀਕਾਰ ਸੰਚਾਰ ਸਾਧਨਾਂ ਦੀ ਵਰਤੋਂ ਨਾਲ ਕਹਾਣੀ ਵਿੱਚ ਯਥਾਰਥਕ ਰੰਗ ਭਰਨ ਦਾ ਯਤਨ ਕਰਦਾ ਹੈ।ਫ਼ੋਨ ਅਤੇ ਟੀ.ਵੀ. ਆਦਿ ਦੀ

ਵਰਤੋਂ ਦੀ ਯੁਕਤ ਵਰਤ ਕੇ ਕਹਾਣੀਕਾਰ ਕਹਾਣੀ ਵਿਚਲੇ ਬਿਰਤਾਂਤ ਨੂੰ ਫੈਲਾਉਂਦਾ ਹੈ। 'ਹੜ੍ਹ' 'ਕਾਲੇ ਵਰਕੇ' ਅਤੇ 'ਮੁਹਾਜ' ਕਹਾਣੀਆਂ ਵਿੱਚ ਇਸ ਜੁਗਤ ਦੀ ਵਰਤੋਂ ਹੋਈ ਮਿਲਦੀ ਹੈ। ਇਸ ਪ੍ਰਕਾਰ ਜਰਨੈਲ ਸਿੰਘ ਦੀ ਕਹਾਣੀ ਕਲਾ ਜਾਂ ਕਥਾ ਸ਼ੈਲੀ ਵਿਚਲੀ ਤਕਨੀਕੀ ਪ੍ਰਪੱਕਤਾ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ।

ਇਸ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਜਰਨੈਲ ਸਿੰਘ ਦੀਆਂ ਇਹਨਾਂ ਕਥਾ ਜੁਗਤਾਂ ਦੀ ਵਰਤੋਂ ਕੇਵਲ 'ਕਾਲੇ ਵਰਕੇ' ਕਹਾਣੀ ਸੰਗ੍ਰਹਿ ਵਿੱਚ ਹੀ ਨਹੀਂ ਹੋਈ ਮਿਲਦੀ ਮਿਲਦੀਬਲਕਿ ਉਹ ਬਾਕੀ ਕਹਾਣੀਆਂ ਵਿੱਚ ਵੀ ਇਹਨਾਂ ਕਥਾ ਜੁਗਤਾਂ ਦੁਆਰਾ ਹੀ ਆਪਣੀ ਕਹਾਣੀ ਦੀ ਤਕਨੀਕ ਘੜਦਾ ਹੈ। 'ਕਾਲੇ ਵਰਕੇ' ਕਹਾਣੀ ਸੰਗ੍ਰਹਿ ਦੇ ਅਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਕਲਾ ਦੇ ਪੱਖ ਤੋਂ ਇਹ ਕਹਾਣੀਆਂ ਵਿਸ਼ੇਸ਼ ਸਾਰਥਿਕਤਾ ਰੱਖਦੀਆਂ ਹਨ। ਆਪਣੇ ਕਥਾ ਵਿਚਾਰ ਉਹ ਪਾਤਰਾਂ ਦੇ ਵਿਹਾਰ ਰਾਹੀਂ ਵਿਅਕਤ ਕਰਦਾ ਹੈ। ਬਿਰਤਾਂਤ ਅੰਦਰ ਹੀ ਇੱਕ ਉੱਪ ਬਿਰਤਾਂਤ ਸਿਰਜ ਕੇ ਉਹ ਕਹਾਣੀ ਦੇ ਵਾਤਾਵਰਨ ਅਤੇ ਪਲਾਟ ਨੂੰ ਸੰਘਣਾ ਕਰਦਾ ਹੈ। ਪਾਤਰਾਂ ਦੀ ਸਮਾਜਿਕ ਆਰਥਿਕ ਅਤੇ ਸਭਿਆਚਾਰਕ ਸਥਿਤੀ ਦੇ ਨਾਲ ਨਾਲ ਉਨਾਂ ਦੀ ਮਾਨਸਿਕਤਾ ਦੀ ਪੇਸ਼ਕਾਰੀ ਲਈ ਉਹ ਮਨੋ ਵਿਸ਼ਲੇਸ਼ਨੀ ਜੁਕਤ ਦੀ ਵਰਤੋਂ ਕਰਕੇ ਵਾਰਤਾਲਾਪ ਸਿਰਜਦਾ ਹੈ। ਪਿੱਛਲ ਝਾਤ ਅਤੇ ਚੇਤਨਾ ਪ੍ਰਵਾਹ ਦੀ ਵਿਧੀ ਦੁਆਰਾ ਉਹ ਬੀਤ ਚੁੱਕੀ ਘਟਨਾ ਅਤੇ ਬੀਤੀ ਯਾਦ ਨਾਲ ਪਾਤਰਾਂ ਦੀ ਸਾਂਝ ਪਵਾ ਕੇ ਕਹਾਣੀ ਨੂੰ ਸਿਖਰ ਵੱਲ ਵਧਾਉਂਦਾ ਹੈ। ਜਰਨੈਲ ਸਿੰਘ ਦੀਆਂ ਇਹਨਾਂ ਕਥਾ ਜੁਗਤਾ ਦੇ ਆਧਾਰ 'ਤੇ ਹੀ ਅਸੀਂ ਕਹਿ ਸਕਦੇ ਹਾਂ ਕਿ ਉਸ ਦੀਆਂ ਕਹਾਣੀਆਂ ਕਲਾ ਪੱਖ ਜਾਂ ਕਥਾ ਸ਼ੈਲੀ ਦੇ ਪੱਖ ਤੋਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ ਜਿਸ ਨਾਲ ਜਰਨੈਲ ਸਿੰਘ ਨੂੰ ਅੰਤਰਰਾਸ਼ਟਰੀ ਪੱਧਰ ਦੇ ਕਹਾਣੀਕਾਰ ਹੋਣ ਦਾ ਮਾਣ ਪ੍ਰਾਪਤ ਹੁੰਦਾ ਹੈ।

**ਹਵਾਲੇ ਅਤੇ ਟਿੱਪਣਆਂ:**

1.ਉੱਪਲ, ਸਵਿੰਦਰ ਸਿੰਘ,ਪੰਜਾਬੀ ਕਹਾਣੀ ਸਰੂਪ,ਸਿਧਾਂਤ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ ਪਟਿਆਲਾ,1995

2. ਅਕਾਲ ਅਮ੍ਰਿਤ ਕੌਰ, ਪਰਵਾਸੀ ਪੰਜਾਬੀ ਗਲਪ:ਨਵੇਂ ਪਾਸਾਰ, ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ, 2002

3.ਸੇਖੋਂ ਰਜਿੰਦਰ ਸਿੰਘ, ਅਲੋਚਨਾ ਤੇ ਪੰਜਾਬੀ ਅਲੋਚਨਾ, ਲਾਹੌਰ ਬੁੱਕ ਸ਼ਾਪ ਲੁਧਿਆਣਾ,2012

4. ਹਰਿਭਜਨ ਸਿੰਘ ਭਾਟੀਆਂ, ਸਾਹਿਤ ਅਧਿਐਨ ਵਿਧੀਆਂ: ਵਰਤਮਾਨ ਪਰਿਪੇਖ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ,2006

5.ਕਰਮਜੀਤ ਸਿੰਘ (ਸੰਪਾ.), ਕਾਲੇ ਵਰਕੇ: ਵਸਤ,ੁ ਬਿਰਤਾਂਤ ਅਤੇ ਸੰਰਚਨਾ, ਪੰਜ ਆਬ ਪ੍ਰਕਾਸ਼ਨ ਜਲੰਧਰ, 2018

6.ਜਰਨੈਲ ਸਿੰਘ, ਕਾਲੇ ਵਰਕੇ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2015

7. ਧਾਲੀਵਾਲ, ਬਲਦੇਵ ਸਿੰਘ, ਵਿਸ਼ਵੀਕਰਨ ਤੇ ਪੰਜਾਬੀ ਕਹਾਣੀ, ਲੋਕਗੀਤ ਪਰਕਾਸ਼ਨ, 2007

8. ਧਨਵੰਤ ਕੌਰ, ਡਾਇਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ, ਆਰਸੀ ਪਬਲਿਸ਼ਰਜ਼, ਦਿੱਲੀ, 2018

9. ਪਿਆਰਾ ਸਿੰਘ, ਪੰਜਾਬੀ ਗਲਪ, ਸਿਧਾਂਤ,ਇਤਿਹਾਸ ਤੇ ਪ੍ਰਵਿਰਤੀਆਂ,ਨਿਊ ਬੁੱਕ ਕੰਪਨੀ, ਜਲੰਧਰ, 1997

10. ਪਰਮਜੀਤ ਕੌਰ ਸਿੱਧੂ,ਪੰਜਾਬੀ ਕਹਾਣੀ ਵਿਚ ਦਲਿਤ ਸਰੋਕਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010